ਸਭ ਹਕ ਰਾਖਵੇਂ ਹਨ। ਬਿਨਾਂ ਆਗਿਆ ਕੋਈ ਨਾ ਛਾਪੇ।

ੴ ਸਤਿਗੁਰ ਪ੍ਰਸਾਦਿ ॥

—:o:—

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥

'ਸਸਤਾ ਗੁਰਮਤ ਸਾਹਿਤ ਭੰਡਾਰ' ਦੀ ਪੁਸਤਕ ਨੰ: ੭

G-105

# ਕਥਾ
# ਬਾਰਹ ਮਾਹਾ
## ਮਾਂਝ ਮਹਲਾ ੫
## ਘਰੁ ੪

بارہ ماہ

ਲੇਖਕ:-

ਸ੍ਰੀਮਾਨ ਪ੍ਰੋਫ਼ੈਸਰ ਗੰਗਾ ਸਿੰਘ ਜੀ

ਚੀ: ਐਡੀਟ੍ਰ ਰਿਸਾਲਾ 'ਅੰਮ੍ਰਿਤ'

ਸ੍ਰੀ ਤਰਨ ਤਾਰਨ

ਪ੍ਰਕਾਸ਼ਕ:—ਗਿਆਨੀ ਭਜਨ ਸਿੰਘ ਮੈਨੇਜਰ

'ਅੰਮ੍ਰਿਤ ਪ੍ਰੈਸ' ਤਰਨ ਤਾਰਨ

ਦੂਜੀ ਵਾਰ ੧੦੦੦     ਦਸੰਬਰ ੧੯੩੪

'ਅੰਮ੍ਰਿਤ ਪ੍ਰਿੰਟਿੰਗ ਪ੍ਰੈਸ', ਜੰਡਿਆਲਾ ਰੋਡ ਤਰਨ ਤਾਰਨ ਵਿਚ
ਗਿਆਨੀ ਭਜਨ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ
ਪ੍ਰਬੰਧ ਨਾਲ ਛਪਿਆ ॥

26135

੧ ਓ ਸਤਿ ਗੁਰ ਪ੍ਰਸਾਦਿ ॥

—:o:—

# ਕਥਾ
# ਬਾਰਹ ਮਾਹਾ
## ਮਾਂਝ ਮਹਲਾ ੫
## ਘਰੁ ੪

DYAL SINGH LAHORE LIBRARY

੧ ਓ ਸਤਿ ਗੁਰ ਪ੍ਰਸਾਦਿ ॥

—:o:—

**ਕਿਰਤਿ ਕਰਮ ਕੇ ਵੀਛੁੜੇ**
**ਕਰਿ ਕਿਰਪਾ ਮੇਲਹੁ ਰਾਮ॥**

ਹੇ ਰਾਮ, ਅਸੀਂ ਅਪਣੇ ਕੀਤੇ ਕਰਮਾਂ ਦੇ ਕਾਰਣ ਵਿਛੜ ਗਏ ਹਾਂ। ਕਿਰਪਾ ਕਰਕੇ ਮੇਲ ਲਓ।

**ਚਾਰਿ ਕੁੰਟ ਦਹ ਦਿਸਿ ਭ੍ਰਮੇ**
**ਥਕਿ ਆਏ ਪ੍ਰਭ ਕੀ ਸਾਮ॥**

ਚਾਰੇ ਕੁੰਟਾਂ ਤੇ ਦਸੇ ਦਿਸ਼ਾਂ ਤੋਂ ਭੌਂਦੇ ਭੌਂਦੇ ਥੱਕਕੇ, ਹੇ ਪ੍ਰਭੂ, ਹੁਣ ਤੇਰੀ ਸ਼ਰਣ ਆਏ ਹਾਂ।

**ਧੇਨੁ ਦੁਧੈ ਤੇ ਬਾਹਰੀ**
**ਕਿਤੈ ਨ ਆਵੈ ਕਾਮ॥**

ਦੁੱਧ ਤੋਂ ਬਿਨਾਂ ਗਾਂ ਕਿਸੇ ਕੰਮ ਨਹੀਂ ਆਉਂਦੀ।

**ਜਲ ਬਿਨੁ ਸਾਖ ਕੁਮਲਾਵਤੀ**
**ਉਪਜਹਿ ਨਾਹੀ ਦਾਮ॥**

ਜਲ ਬਿਨਾਂ ਸਾਖਾਂ ਕੁਮਲਾ ਜਾਂਦੀਆਂ ਹਨ ਤੇ ਉਹ ਦਾ ਕੋਈ ਮੁੱਲ ਨਹੀਂ ਪੈਂਦਾ।

**ਹਰਿ ਨਾਹ ਨ ਮਿਲੀਐ ਸਾਜਨੈ**
**ਕਤ ਪਾਈਐ ਬਿਸਰਾਮ ॥**

(ਇਸੇ ਤਰ੍ਹਾਂ) ਜਦ ਤਕ ਹਰੀ ਕੰਤ ਸੱਜਨ ਦਾ ਮਿਲਾਪ ਨਾ ਹੋਵੇ ਤਦ ਤਕ ਬਿਸਰਾਮ ਕਿੱਥੇ ?

**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ**
**ਭਠਿ ਨਗਰ ਸੇ ਗ੍ਰਾਮ ॥**

ਜਿੱਥੇ ਹਰੀ ਕੰਤ ਘਰ ਵਿੱਚ ਦਰਸ਼ਨ ਨਹੀਂ ਦਿੰਦੇ ਉਹ ਪਿੰਡ ਤੇ ਨਗਰ (ਜਲਦੇ) ਭੱਠ ਹਨ ।

**ਸ੍ਰਬ ਸੀਗਾਰ ਤੰਬੋਲ ਰਸ**
**ਸਣੁ ਦੇਹੀ ਸਭ ਖਾਮ ॥**
**ਪ੍ਰਭ ਸੁਆਮੀ ਕੰਤ ਵਿਹੂਣੀਆ**
**ਮੀਤ ਸਜਣ ਸਭਿ ਜਾਮ ॥**

ਹਰੀ ਸੁਆਮੀ ਕੰਤ ਤੋਂ ਬਿਨਾਂ ਹਰ ਤਰਾਂ ਦੇ ਸ਼ਿੰਗਾਰ, ਪਾਨ ਤੇ ਰਸ—ਇਨ੍ਹਾਂ ਦੇ ਧਾਰਣ ਕਰਣ ਵਾਲੀ ਦੇਹ ਸਮੇਤ—ਸਭ ਕੱਚੇ (ਵਿਅਰਥ) ਹਨ, ਤੇ ਸਜਣ ਮਿੱਤ੍ਰ ਸਭ ਜਮ (ਪ੍ਰਤੀਤ ਹੁੰਦੇ ਹਨ)।

**ਨਾਨਕ ਕੀ ਬੇਨੰਤੀਆ**
**ਕਰਿ ਕਿਰਪਾ ਦੀਜੈ ਨਾਮੁ॥**

(ਗੁਰੂ) ਨਾਨਕ ਦੀ ਬੇਨਤੀ ਹੈ ਹੇ ਪ੍ਰਭੂ ! ਕਿਰਪਾ



ਕਰਕੇ ਨਾਮ ਦਿਓ, (ਅਤੇ)

**ਹਰਿ ਮੇਲਹੁ ਸੁਆਮੀ ਸੰਗਿ ਪ੍ਰਭ**
**ਜਿਸ ਕਾ ਨਿਹਚਲ ਧਾਮ ॥ ੧ ॥**

ਨਿਹਚਲ ਧਾਮ ਵਾਲੇ ਹਰੀ ਸੁਆਮੀ ਨਾਲ ਮੇਲੋ ।

## ਭਾਵਾਰਥ

ਕਰਮ ਵੀ ਕਿਆ ਅਜੀਬ ਸ਼ਬਦ ਹੈ ! ਜੇ ਹਿੰਦੀ ਭਾਸ਼ਾ ਲਈਏ ਤਾਂ ਕ੍ਰਿਤ ਤੇ ਜੇ ਫਾਰਸੀ ਲਈਏ ਤਾਂ ਬਖਸ਼ਿਸ਼ ਅਰਥ ਰੱਖਦਾ ਹੈ । ਜੇ ਕਰਮ ਅਪਣਾ ਹੋਵੇ ਤਾਂ ਫਲ ਦੀ ਜ਼ੰਜੀਰ ਪੈਰਾਂ ਵਿੱਚ ਪਾਉਂਦਾ ਹੈ; ਜੇ ਕਰਮ ਦਾਤਾ ਦਾ ਹੋਵੇ ਤਾਂ ਬਖਸ਼ਸ਼ ਦੀਆਂ ਪੀਂਘਾਂ ਵਿੱਚ ਚਾੜ੍ਹ ਅਰਸ਼ ਦੇ ਝੂਟੇ ਦੇਂਦਾ ਹੈ । ਬਾਰਾ ਮਾਹਾ ਦੇ ਅਰੰਭ ਵਿੱਚ ਹੀ ਇਸ ਦਾ ਕਿਆ ਸੋਹਣਾ ਵਰਤਾਉ ਸਾਹਿਬਾਂ ਨੇ ਕੀਤਾ ਹੈ ! ਇੱਕ ਬੰਨੇ ਸਾਡਾ ਕਰਮ ਤੇ ਕਿਰਤ ਅਤੇ ਦੂਜੇ ਬੰਨੇ ਦਾਤਾ ਦਾ ਕਰਮ ਤੇ ਕਿਰਪਾ ਹੈ । ਅਪਣੀ ਕਿਰਤ ਨੇ ਤਾਂ ਜ਼ੰਜੀਰਾਂ ਪਾਈਆਂ ! ਤ੍ਰਿਸ਼ਨਾਤੁਰ ਹੋਏ ਮਨ ਨੇ ਭਾਵੇਂ ਕੜੀਆਂ ਤਾਂ ਸੰਸਾਰ ਨੂੰ ਫਾਹੁਣ ਲਈ ਬਣਾਈਆਂ ਸਨ ਤੇ ਘੁੰਡੀਆਂ ਜਗਤ ਨੂੰ ਜਕੜਨ ਲਈ ਜੋੜੀਆਂ ਸਨ ਪਰ ਨਾਦਾਨ ਨੇ ਵਾਹੋ ਦਾਹੀ ਹਥੌੜੇ ਚਲਾਉਂਦਿਆਂ ਤੇ ਖੱਲਾਂ ਧੌਂਦਿਆਂ ਥੱਲੇ ਨਾ ਤੱਕਿਆ ਜੁ ਜ਼ੰਜੀਰ ਤਿਆਰ ਹੋ ਕੇ ਮੈਨੂੰ ਹੀ ਕੈਦ ਕਰ ਰਹੀ ਹੈ । ਗਿਆ ਸੀ ਭੋਗਾਂ ਨੂੰ ਭੋਗਣ ਪਰ ਭੋਗਿਆ ਆਪ ਗਿਆ। ਮੱਖੀ ਤਾਂ ਸ਼ਹਿਦ ਚੂਸਣ ਗਈ ਸੀ, ਨਿਮਾਣੀ ਨੂੰ ਕੀ ਪਤਾ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.